# ਇਹ ਹਮਾਰਾ ਜੀਵਨਾ

12th Oct 96

**ਗੁਰਸ਼ਰਨ ਸਿੰਘ**

**ਹੋਅ ਚੀ ਮਿੰਨ** : ਕੌਮਾਂ ਦੀ ਤਕਦੀਰ ਬਦਲਣ ਲਈ ਕੁੱਝ ਵਿਅਕਤੀ ਇਤਿਹਾਸ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ। ਵੀਅਤਨਾਮ ਦੇ ਇਤਿਹਾਸ ਵਿਚ ਹੋਅ ਚੀ ਮਿੰਨ ਐਸਾ ਨਾਂ ਹੈ। ਹੋਅ ਚੀ ਮਿੰਨ ਦੇ ਜੀਵਨ ਬਾਰੇ ਅਮਰਜੀਤ ਸੂਫੀ ਦੀ ਇਕ ਕਿਤਾਬ ਸਾਡੇ ਕੋਲ ਆਈ ਹੈ। ਚਿਰਾਗ਼ ਪ੍ਰਕਾਸ਼ਨ ਦੀ ਇਹ ਕਿਤਾਬ ਪੰਜਾਬੀ ਦੇ ਵਿਚਾਰਧਾਰਕ ਸਾਹਿਤ ਵਿਚ ਇਕ ਮਹੱਤਵਪੂਰਨ ਵਾਧਾ ਹੈ। ਇਸ ਕਿਤਾਬ ਵਿਚ ਇਕ ਛੋਟਾ ਜਿਹਾ ਕਾਂਡ ਪਰਿਵਾਰ-ਵਿਆਹ ਸਬੰਧੀ ਕਾਨੂੰਨ ਬਾਰੇ ਹੈ। ਇਸ ਦੀ ਸਾਡੇ ਸਮਾਜ ਲਈ ਵੱਡੀ ਸਾਰਥਕਤਾ ਹੈ। ਹੋਅ ਚੀ ਮਿੰਨ ਦੇ ਇਸਤਰੀ-ਮਰਦ ਸਬੰਧਾਂ ਬਾਰੇ ਵਿਚਾਰ ਇਸ ਲਿਖਤ ਦਾ ਧੁਰਾ ਹਨ। ਪਰਿਵਾਰ ਹਰ ਸਮਾਜ ਦਾ ਇਕ ਮਹੱਤਵਪੂਰਨ ਅੰਗ ਹੁੰਦਾ ਹੈ। ਪਰਿਵਾਰ ਮਿਲ ਕੇ ਹੀ ਸਮਾਜ ਬਣਦਾ ਹੈ. . .ਪਰਿਵਾਰ ਜੋ ਸਮਾਜ ਦਾ ਧੁਰਾ ਹੁੰਦਾ ਹੈ, ਉਸ ਦੇ ਉੱਪਰ ਪਰਿਵਾਰ ਦੇ ਕਿਸੇ ਮੈਂਬਰ ਦੇ ਵਿਆਹ ਦਾ ਇਕ ਵਿਸ਼ੇਸ਼ ਰੋਲ ਹੁੰਦਾ ਹੈ। ਵਿਆਹ ਕਿਸੇ ਸਮਾਜ ਵਿਚ ਲੋਕਾਂ ਦੀ ਸੱਭਿਆਚਾਰਕ, ਕਾਨੂੰਨੀ, ਸਮਾਜਕ ਜਾਂ ਧਾਰਮਿਕ ਢੰਗ ਨਾਲ ਕੀਤੀ ਜਾਣ ਵਾਲੀ ਰਸਮ ਹੀ ਨਹੀਂ ਹੁੰਦੀ, ਸਗੋਂ ਇਸਤਰੀ-ਮਰਦ ਦੇ ਸਨੇਹ ਭਰੇ ਰਿਸ਼ਤੇ ਨੂੰ ਸਥਾਈ ਬਣਾਉਣ ਦਾ ਇਕ ਸੱਭਿਆ ਢੰਗ ਹੁੰਦਾ ਹੈ ਤਾਂ ਜੋ ਨਵਾਂ ਪਰਿਵਾਰ ਆਪਣੇ ਬੱਚਿਆਂ ਦੀ ਪਾਲਣਾ ਕਰਦਾ ਹੋਇਆ, ਆਪਣੇ ਜੀਵਨ ਦੁਆਰਾ ਸਮਾਜ ਵਿਚ ਉਸਾਰੂ ਹਿੱਸਾ ਪਾ ਸਕੇ। ਅਜਿਹੇ ਮਹੱਤਵਪੂਰਨ ਵਿਸ਼ੇ ਸਬੰਧੀ ਉੱਤਰੀ ਵੀਅਤਨਾਮ ਦੀ ਸਰਕਾਰ ਕੋਈ ਕਾਨੂੰਨ ਘੜਨਾ ਨਹੀਂ ਚਾਹੁੰਦੀ ਸੀ, ਸਗੋਂ ਉਹ ਇਕ ਅਜਿਹਾ ਕਾਨੂੰਨ ਬਣਾ ਕੇ ਅਮਲ ਵਿਚ ਲਿਆਉਣਾ ਚਾਹੁੰਦੀ ਸੀ, ਜਿਸ ਨੂੰ ਸਾਰਾ ਦੇਸ਼ ਹੀ ਲਾਭਕਾਰੀ ਸਮਝੇ। ਇਸਤਰੀਆਂ ਸਮਾਜ ਦਾ ਅੱਧ ਹੁੰਦੀਆਂ ਹਨ। ਜੇਕਰ ਇਹ ਮੁਕਤ ਨਹੀਂ ਹੋਣਗੀਆਂ ਤਾਂ ਅੱਧਾ ਸਮਾਜ ਅਜ਼ਾਦ ਨਹੀਂ ਹੋਵੇਗਾ। ਜੇਕਰ ਇਸਤਰੀਆਂ ਦੀ ਮੁਕਤੀ ਨਹੀਂ ਹੁੰਦੀ ਤਾਂ ਅੱਧਾ ਸਮਾਜ ਹੀ ਉਸਰੇਗਾ। ਇਸਤਰੀ ਦੀ ਮੁਕਤੀ ਅਤੇ ਮਰਦਾਂ ਵਿਚੋਂ ਜਾਗੀਰੂ-ਪੂੰਜੀਵਾਦੀ ਵਿਚਾਰਾਂ ਨੂੰ ਜੜ੍ਹੋਂ ਪੁੱਟਣ ਦਾ ਕਾਰਜ ਇਕੱਠਾ ਹੀ ਚੱਲਣਾ ਚਾਹੀਦਾ ਹੈ।

ਲੋਕਾਂ ਦੀ ਅਹਿਮ ਬਹਿਸ ਬਾਅਦ ਜੋ ਕਾਨੂੰਨ ਹੋਂਦ ਵਿਚ ਆਇਆ ਇਸ ਦਾ ਆਧਾਰ ਚਾਰ ਮੁੱਖ ਅਸੂਲਾਂ ਉੱਪਰ ਆਧਾਰਤ ਸੀ : 1. ਵਿਆਹ ਦੀ ਸੁਤੰਤਰਤਾ, 2. ਇਕ ਵਿਆਹ ਦਾ ਰਿਵਾਜ, 3. ਮਰਦ ਅਤੇ ਇਸਤਰੀ ਦੀ ਬਰਾਬਰਤਾ ਅਤੇ 4. ਬੱਚਿਆਂ ਦੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ। ਅੱਜ ਦੇ ਯੁੱਗ ਵਿਚ ਇਸਤਰੀ ਦੀ ਸਮਾਜ ਵਿਚ ਬਰਾਬਰਤਾ ਦੀ ਪਹਿਲੇ ਸਾਰੇ ਸਮਿਆਂ ਨਾਲੋਂ ਵੱਧ ਲੋੜ ਹੈ। ਇਸ ਬਰਾਬਰਤਾ ਦੇ ਲਈ ਇਸਤਰੀ ਦਾ ਆਰਥਕ ਤੌਰ ਉੱਪਰ ਸੁਤੰਤਰ ਹੋਣਾ ਜ਼ਰੂਰੀ ਹੈ। ਇਸਤਰੀ ਨੂੰ ਮਰਦਾਂ ਵਾਲੇ ਕੰਮ ਕਰਨ ਲਈ ਬਰਾਬਰ ਤਨਖਾਹ, ਉਸ ਦੀ ਆਰਥਕ ਬਰਾਬਰਤਾ ਨੂੰ ਯਕੀਨੀ ਬਣਾਉਂਦੀ ਹੈ ਪਰ ਇਸ ਨੂੰ ਸੰਭਵ ਉੱਥੇ ਹੀ ਬਣਾਇਆ ਜਾ ਸਕਦਾ ਹੈ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖ਼ਾਤਮਾ ਕੀਤਾ ਗਿਆ ਹੋਵੇ ਅਤੇ ਹਰ ਵਿਅਕਤੀ ਲਈ ਕੰਮ ਦੀ ਗਰੰਟੀ ਨੂੰ ਸਬੰਧਤ ਦੇਸ਼ ਦਾ ਸੰਵਿਧਾਨ ਜ਼ਰੂਰੀ ਬਣਾਉਂਦਾ ਹੋਵੇ। ਹੋਅ ਚੀ ਮਿੰਨ ਦੇ ਵਿਚਾਰ ਸਾਡੇ ਲਈ ਮਾਰਗ ਦਰਸ਼ਕ ਹਨ।

**ਬੇਰੁਜ਼ਗਾਰ ਨੌਜਵਾਨ** : ਉੜੀਸਾ ਦੀ ਇਕ ਖਬਰ ਹੈ ਕਿ ਪੁਲਸ ਦੀ ਭਰਤੀ ਲਈ ਆਏ ਨੌਜਵਾਨਾਂ ਕੋਲੋਂ 10 ਕਿਲੋਮੀਟਰ ਦੀ ਕਰਾਸ-ਕੰਟਰੀ ਦੌੜ ਲਗਵਾਈ ਗਈ। ਦੌੜ ਏਨੀ ਮੁਸ਼ਕਲ ਸੀ ਅਤੇ ਸੜਦੀ ਧੁੱਪ ਵਿਚ ਲਗਵਾਈ ਗਈ ਕਿ ਚਾਰ ਜਵਾਨ ਦਮ ਤੋੜ ਗਏ। 25 ਹੋਰ ਵੀ ਉਖੜਦੇ ਸਾਹਾਂ ਨਾਲ ਡਿੱਗ ਪਏ। ਇਹ ਦੌੜ ਉਨ੍ਹਾਂ ਦੀ ਜਿਸਮਾਨੀ ਤਾਕਤ ਦਾ ਇਮਤਿਹਾਨ ਲੈਣ ਲਈ ਲਗਵਾਈ ਗਈ। ਉਨ੍ਹਾਂ ਨੇ ਇਹ ਦੌੜ ਕਿਉਂ ਲਗਾਈ? ਕਿਉਂਕਿ ਉਨ੍ਹਾਂ ਕੋਲ ਰੁਜ਼ਗਾਰ ਦਾ ਕੋਈ ਸਾਧਨ ਨਹੀਂ ਸੀ ਤੇ ਨੌਕਰੀ ਲੈਣ ਲਈ ਉਨ੍ਹਾਂ ਨੇ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ। ਇਕ ਹੋਰ ਖਬਰ ਹੈ ਕਿ ਇਕ ਭਰਾ ਨੂੰ ਨੌਕਰੀ ਦਿਵਾਉਣ ਲਈ ਉਹਦੀ ਭੈਣ ਨੂੰ ਆਪਣੀ ਇੱਜ਼ਤ ਦਾ ਸੌਦਾ ਕਰਨਾ ਪਿਆ। ਇਹੋ ਜਿਹੀਆਂ ਖਬਰਾਂ ਦੱਸਦੀਆਂ ਹਨ ਕਿ ਨੌਜਵਾਨਾਂ ਵਿਚ ਬੇਰੁਜ਼ਗਾਰੀ ਇਕ ਵੱਡਾ ਮਸਲਾ ਬਣ ਗਿਆ ਹੈ। ਰੁਜ਼ਗਾਰ ਦਫਤਰਾਂ ਦੇ ਅੰਕੜੇ ਵੀ ਮਾੜੀ ਸਗੋਂ ਬਹੁਤ ਹੀ ਮਾੜੀ ਹਾਲਤ 'ਤੇ ਚਾਨਣ ਪਾਉਂਦੇ ਹਨ। ਕਿਸੇ ਪਿੰਡ ਦੀ ਸ਼ਾਮ ਦੀ ਜ਼ਿੰਦਗੀ ਦੇਖ ਲਵੋ। ਢਾਣੀਆਂ ਦੀਆਂ ਢਾਣੀਆਂ ਗਲੀਆਂ ਦੀਆਂ ਨੁੱਕਰਾਂ ਵਿਚ ਖਲੋਤੀਆਂ ਜਾਂ ਤਾਸ਼ ਖੇਡਦੀਆਂ ਟਾਈਮ ਪਾਸ ਕਰਦੀਆਂ ਹਨ। ਟਾਈਮ ਪਾਸ ਇਕ ਘਾਤਕ ਸ਼ਬਦਾਵਲੀ ਹੈ। ਵਿਹਲਿਆਂ ਦੀ ਕੌਮ ਕੀ ਤਰੱਕੀ ਕਰ ਸਕਦੀ ਹੈ? ਰੁਜ਼ਗਾਰ ਦੀ ਗਰੰਟੀ ਨੌਜਵਾਨਾਂ ਦੀ ਲਹਿਰ ਲਈ ਇਕ ਚੁਣੌਤੀ ਹੈ। ਇਸ ਤੋਂ ਪਹਿਲਾਂ ਕਿ ਉਹ ਰੁਜ਼ਗਾਰ ਲਈ ਮੌਤ ਦੀ ਦੌੜ ਦੌੜਨ ਲਈ ਮਜਬੂਰ ਹੋਣ, ਉਹ ਸੜਕਾਂ 'ਤੇ ਆ ਕੇ ਰੁਜ਼ਗਾਰ ਦਾ ਹੱਕ ਹਾਸਲ ਕਰਨ।

*ਕਿਸੇ ਪਿੰਡ ਦੀ ਸ਼ਾਮ ਦੀ ਜ਼ਿੰਦਗੀ ਦੇਖ ਲਵੋ। ਢਾਣੀਆਂ ਦੀਆਂ ਢਾਣੀਆਂ ਗਲੀਆਂ ਦੀਆਂ ਨੁੱਕਰਾਂ ਵਿਚ ਖਲੋਤੀਆਂ ਜਾਂ ਤਾਸ਼ ਖੇਡਦੀਆਂ ਟਾਈਮ ਪਾਸ ਕਰਦੀਆਂ ਹਨ। ਟਾਈਮ ਪਾਸ ਇਕ ਘਾਤਕ ਸ਼ਬਦਾਵਲੀ ਹੈ। ਵਿਹਲਿਆਂ ਦੀ ਕੌਮ ਕੀ ਤਰੱਕੀ ਕਰ ਸਕਦੀ ਹੈ?*

ਕੇ ਮੈਸਰਜ਼ ਦੇਸ਼ ਸੇਵਕ ਐਸੋਸੀਏਸ਼ਨ, ਬਾਬਾ ਸੋਹਣ ਸਿੰਘ ਭਕਨਾ ਭਵਨ, 29-ਡੀ, ਚੰਡੀਗੜ੍ਹ ਲਈ ਪ੍ਰਕਾਸ਼ਿਤ ਕੀਤਾ। ਫੋਨ : 657256, 57, 58 : ਫੈਕਸ+91-0172-654055